ਪੰਜਾਬ ਸਰਕਾਰ
ਸਥਾਨਕ ਸਰਕਾਰ, ਵਿਭਾਗ
(ਲੇਖਾ ਸਾਖਾ)

ਸੇਵਾ ਵਿਖੇ,

ਕਮਿਸਨਰ,
ਨਗਰ ਨਿਗਮ, ਪਠਾਨਕੋਟ।
ਨੰ:ਲੇਖਾਕਾਰ-6-ਉਕਵਲ-ਡਸਸ-(ਨਿਗਮ/454/61)-17/ 25170
ਮਿਤੀ: 16-5-17

ਵਿਸ਼ਾ:- ਨਗਰ ਨਿਗਮ, ਪਠਾਨਕੋਟ ਦਾ ਬਜਟ ਸਾਲ 2017-18 ਸਬੰਧੀ।

*********

ਉਪਰੋਕਤ ਵਿਸੇ ਦੇ ਹਵਾਲੇ ਵਿੱਚ।

2. ਪੰਜਾਬ ਨਗਰ ਨਿਗਮ ਐਕਟ, 1976 ਦੇ ਨਿਯਮ 87 (2) ਅਤੇ 86 (1) ਅਧੀਨ ਨਗਰ ਨਿਗਮ, ਪਠਾਨਕੋਟ ਦਾ ਬਜਟ ਅਨੁਮਾਨ ਸਾਲ 2017-18 ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਮਾਨਯੋਗ ਵਧੀਕ ਮੁੱਖ ਸਕੱਤਰ, ਸਥਾਨਕ ਸਰਕਾਰ, ਪੰਜਾਬ ਜੀ ਵੱਲੋਂ ਪ੍ਰਵਾਨ ਕੀਤਾ ਜਾਂਦਾ ਹੈ :-

ਬਜਟ ਐਸਟੀਮੇਟ (2017-18) (ਰਕਮ ਲੱਖਾਂ ਵਿੱਚ)

| ਆਮਦਨ | ਵਿਭਾਗ ਦੀ ਤਜਵੀਜ |
|---|---|
| ਮਿਤੀ 01/04/2017 ਨੂੰ ਮੁੱਢਲਾ ਬਕਾਇਆ | 81.57 |
| ਸਾਲ 2017-18 ਲਈ ਆਮਦਨ | 4135.00 |
| ਕੁਲ | **4216.57** |
| ਖਰਚਾ | |
| ੳ) ਅਮਲਾ- (ਸਮੇਤ ਤਨਖਾਹਾਂ, ਏਰੀਅਰ, ਪੈਨਸਨ ਕੰਟਰੀਬਿਊਸ਼ਨ ਰਿਟਾਇਰਮੈਂਟ ਲਾਭ, ਮੈਡੀਕਲ ਰਿੰਬਰਸਮੈਂਟ ਅਤੇ ਟੀ.ਏ/ਐਲ.ਟੀ.ਸੀ ਆਦਿ | 2750.00 |
| ਅ) ਕੰਟੀਜੰਸੀ: | 130.40 |
| ੲ) ਵਿਕਾਸ ਦੇ ਕੰਮਾਂ ਲਈ ਕਮਿਟਿਡ : 857.00<br>ਨਾਨ-ਕਮਿਟਿਡ : 362.00 | 1219.00 |
| ਕੁਲ | **4099.40** |
| ਮਿਤੀ 31/3/2018 ਲਈ ਅੰਤਿਮ ਬਕਾਇਆ | 117.17 |
| ਕੁਲ | **4216.57** |

ਆਮਦਨ:- ਇਸ ਮੱਦ ਅਧੀਨ ਸਾਲ 2017-18 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦੀ ਕੁੱਲ ਆਮਦਨ 4135.00 ਲੱਖ ਪ੍ਰਵਾਨ ਕੀਤੀ ਜਾਂਦੀ ਹੈ। :-

| ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|
| ਹਾਊਸ ਟੈਕਸ/ਪ੍ਰਾਪਰਟੀ ਟੈਕਸ | 500.00 |
| ਰੈਂਟ/ਤਹਿਬਜਾਰੀ | 67.00 |
| ਬਿਜਲੀ ਤੋਂ ਚੁੰਗੀ | 250.00 |
| ਸੀਵਰੇਜ | 275.00 |
| ਬਿਲਡਿੰਗ ਐਪਲੀਕੇਸ਼ਨ | 220.00 |
| ਅਕਸਾਈਜ ਡਿਊਟੀ | 150.00 |
| ਵਿਗਿਆਪਨ | 42.16 |
| ਲਾਇਸੰਸ ਫੀਸ/ਫੀਸਾਂ/ਟੈਕਸ | 30.00 |
| ਸ਼ੋਅ/ਮਨੋਰੰਜਨ ਟੈਕਸ | 0.74 |
| ਹੋਰ ਸਾਧਨਾਂ ਤੋਂ ਆਮਦਨ | 2300.10 |
| ਵਾਟਰ ਸਪਲਾਈ | 300.00 |
| ਕੁੱਲ | **4135.00** |

ਨੋਟ:- ਮੀਟਿੰਗ ਵਿੱਚ ਹੋਈ ਡਿਸਕਸ਼ਨ ਸਮੇਂ ਬਜਟ ਘੋਖਣ ਉਪਰੰਤ ਹੇਠ ਲਿਖੇ ਤੱਕ ਸਾਹਮਣੇ ਆਏ ਹਨ :-

1) ਨਗਰ ਨਿਗਮ ਨੂੰ ਪ੍ਰਾਪਰਟੀ ਟੈਕਸ ਦਾ 275.00 ਲੱਖ ਦਾ ਟੀਚਾ ਦਿੱਤਾ ਗਿਆ ਸੀ ਜਿਸ ਵਿਰੁੱਧ ਆਪ ਵੱਲੋਂ 221.61 ਲੱਖ ਰੁਪਏ ਦੀ ਹੀ ਵਸੂਲੀ ਕੀਤੀ ਗਈ ਹੈ ਜਿਸ ਨਾਲ ਪ੍ਰਾਪਰਟੀ ਟੈਕਸ ਦਾ ਬਕਾਇਆ ਬਣਨਾ ਸ਼ੁਰੂ ਹੋ ਗਿਆ

ਹੈ। ਇਸ ਲਈ ਨਿਗਮ ਦਾ ਟੀਚਾ ਸਾਲ 2017-18 ਲਈ 310.00 ਲੱਖ ਤੋਂ ਵਧਾ ਕੇ 500.00 ਲੱਖ ਕੀਤਾ ਜਾਂਦਾ ਹੈ। ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਿਗਮ ਦੇ ਉਪਲਬੱਧ ਯੂਨਿਟਸ ਨਾਲ ਪ੍ਰਾਪਤ ਆਮਦਨ ਦੇ ਯੂਨਿਟਸ ਦਾ ਮਿਲਾਨ ਕਰਦੇ ਹੋਏ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਬਕਾਇਆ ਰਿਕਵਰੀ ਖਤਮ ਕੀਤੀ ਜਾਵੇ।

2) ਵਾਟਰ ਸਪਲਾਈ/ਸੀਵਰੇਜ ਹੈਡ ਅਧੀਨ ਨਿਗਮ ਵੱਲੋਂ ਕੇਵਲ 264.00 ਲੱਖ ਦਾ ਬਜਟ ਤਜਵੀਜ ਕੀਤਾ ਗਿਆ ਸੀ ਜਿਸ ਵਿੱਚੋਂ ਆਪ ਵੱਲੋਂ ਕੇਵਲ 110.44 ਲੱਖ ਰੁਪਏ ਦੀ ਹੀ ਵਸੂਲੀ ਕੀਤੀ ਗਈ ਹੈ। ਬਜਟ ਅਧੀਨ ਨਿਗਮ ਵੱਲੋਂ 131.63 ਲੱਖ ਦੇ ਏਰੀਅਰ ਦਰਸਾਏ ਗਏ ਹਨ ਜੋ ਕਿ ਆਪ ਵੱਲੋਂ ਵਸੂਲ ਕਰਨੇ ਬਣਦੇ ਹਨ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਬਕਾਏ ਦੀ ਰਿਕਵਰੀ ਤਿੰਨ ਮਹੀਨਿਆਂ ਵਿੱਚ ਕਰਦੇ ਹੋਏ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

3) ਆਪ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਨਿਗਮ ਦੇ ਆਪਣੇ ਸੋਤਾਂ ਤੋਂ ਆਮਦਨ ਵਧਾਉਣ ਲਈ ਰਿਕਵਰੀ ਬਰਾਂਚਾਂ ਨੂੰ ਸਮਾਂਬੱਧ ਟੀਚੇ ਦਿੱਤੇ ਜਾਣ ਅਤੇ **Expected Income** ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਆਪ ਵੱਲੋਂ ਉਨਾਂ ਦੇ ਵਿਰੁੱਧ ਅਨੁਸਾਸਨੀ ਕਾਰਵਾਈ ਆਪਣੇ ਪੱਧਰ ਤੇ ਅਮਲ ਵਿੱਚ ਲਿਆਉਣੀ ਯਕੀਨੀ ਬਣਾਈ ਜਾਵੇ।

7) ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਨਿਗਮ ਦੇ ਆਪਣੇ ਆਮਦਨ ਦੇ ਸੋਤਾਂ ਤੋਂ ਅਮਲਾ ਅਤੇ ਕਮਿਟਡ ਲਾਇਬਿਲਟੀਜ ਦੇ ਖਰਚੇ ਕੀਤੇ ਜਾਣ ਅਤੇ ਵਿਕਾਸ ਦੇ ਕੰਮ ਕੇਵਲ ਸਕੀਮਾਂ ਅਧੀਨ ਪ੍ਰਾਪਤ ਹੋਣ ਵਾਲੀ ਰਾਸੀ ਤੋਂ ਕੀਤੇ ਜਾਣ। ਇਸ ਤੋਂ ਇਲਾਵਾ ਜੇਕਰ ਠੇਕੇਦਾਰਾਂ ਦੀ ਕੋਈ ਦੇਣਦਾਰੀ ਬਣਦੀ ਹੈ ਤਾਂ ਉਹ ਨਿਗਮ ਦੇ ਆਪਣੇ ਸੋਤਾਂ ਰਾਹੀਂ ਹੀ ਨਜਿੱਠੀ ਜਾਵੇ। ਠੇਕੇਦਾਰਾਂ ਦੀਆਂ ਬਕਾਇਆ ਅਦਾਇਗੀਆਂ ਵੀ ਰਿਕਵਰ ਕੀਤੀ ਰਾਸ਼ੀ ਵਿੱਚੋਂ ਹੀ ਕੀਤੀਆਂ ਜਾਣ। ਇਸ ਲਈ ਨਿਗਮ ਨੂੰ ਕੋਈ ਵੀ ਕਰਜਾ ਜਾਂ ਗਰਾਂਟ ਇਸ ਵਿਭਾਗ ਵੱਲੋਂ ਨਹੀਂ ਦਿੱਤੀ ਜਾਵੇਗੀ।

ਖਰਚਾ: ਅਮਲਾ: ਇਸ ਮੱਦ ਅਧੀਨ ਨਗਰ ਨਿਗਮ, ਪਠਾਨਕੋਟ ਨੂੰ ਖਾਲੀ ਆਸਾਮੀਆਂ ਦਾ ਖਰਚਾ ਪ੍ਰਵਾਨ ਨਹੀਂ ਕੀਤਾ ਜਾਂਦਾ। ਤਨਖਾਹਾਂ / ਰਿਟਾਇਰਮੈਂਟ ਬੈਨੀਫਿਟ / ਪੈਨਸ਼ਨ ਕੰਟਰੀਬਿਊਸਨ ਅਦਾ ਕਰਨ ਲਈ 2750.00 ਲੱਖ ਰੁਪਏ ਦਾ ਬਜਟ ਪ੍ਰਵਾਨ ਕੀਤਾ ਜਾਂਦਾ ਹੈ। ਨਗਰ ਨਿਗਮ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਹੈਡ ਅਧੀਨ ਖਰਚਾ ਪ੍ਰਵਾਨਤ ਬਜਟ ਤੋਂ ਵੱਧ ਨਾ ਕੀਤਾ ਜਾਵੇ ਅਤੇ ਕੋਈ ਵੀ ਅਸਾਮੀ ਬਿਨਾਂ ਪੂਰਵ ਪ੍ਰਵਾਨਗੀ ਦੇ ਨਾ ਭਰੀ ਜਾਵੇ।

ਨੋਟ :- ਆਪ ਵੱਲੋਂ ਡਿਕਸਨ ਦੌਰਾਨ ਕਰਮਚਾਰੀਆਂ ਦੀਆਂ 1033.68 ਲੱਖ ਦੀਆਂ ਦੇਣਦਾਰੀਆਂ ਲੰਬਿਤ ਦਰਸਾਈਆਂ ਗਈਆਂ ਹਨ ਜਦ ਕਿ ਬਜਟ ਵਿੱਚ ਨਿਗਮ ਦੀਆਂ ਕਰਜੇ ਦੀਆਂ, ਆਡਿਟ ਫੀਸ ਅਤੇ ਹੋਰ ਬੈਂਕਾਂ ਆਦਿ ਦੇ ਕਰਜੇ ਸਮੇਤ ਕੁਲ 2633.93 ਲੱਖ ਦੀਆਂ ਦੇਣਦਾਰੀਆਂ ਵੀ ਦਰਸਾਈਆਂ ਗਈਆਂ ਹਨ ਕਿਉਂ ਜੋ ਨਿਗਮ ਦੀ ਆਮਦਨ ਦਾ 76% ਹਿੱਸਾ ਕੇਵਲ ਤਨਖਾਹਾਂ ਦੀ ਅਦਾਇਗੀ ਤੇ ਹੀ ਖਰਚ ਕੀਤਾ ਜਾ ਰਿਹਾ ਹੈ। ਇਸ ਲਈ ਉਕਤ ਦਰਸਾਏ ਬਕਾਏ ਦੀ ਅਦਾਇਗੀ ਲਈ ਨਿਗਮ ਕੋਲ ਕੋਈ ਫੰਡਜ ਉਪਲਬੱਧ ਨਹੀਂ ਹਨ ਅਤੇ ਨਾ ਹੀ ਇਸ ਅਦਾਇਗੀ ਲਈ ਉਕਤ ਬਜਟ ਵਿੱਚ ਉਪਬੰਧ ਕੀਤਾ ਜਾ ਸਕਦਾ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਊਟ ਸੋਰਸਿੰਗ ਰਾਹੀਂ ਰੱਖੇ ਗਏ ਦਫਤਰੀ ਸਟਾਫ ਨੂੰ ਘਟਾਇਆ ਜਾਵੇ ਅਤੇ ਮੌਜੂਦਾ ਸਰਕਾਰੀ ਅਮਲੇ ਤੋਂ ਹੀ ਕੰਮ ਲਿਆ ਜਾਵੇ ਤਾਂ ਜੋ ਅਮਲੇ ਦਾ ਖਰਚਾ ਘੱਟ ਕੀਤਾ ਜਾ ਸਕੇ ਅਤੇ ਆਮਦਨ ਦੇ ਸ੍ਰੋਤ ਵਧਾਏ ਜਾਣ। ਇਸ ਤੋਂ ਇਲਾਵਾ ਨਿਗਮ ਦੀ ਲਿਮਿਟ ਵੱਧਣ ਤੇ ਨਵੇਂ ਏਰੀਏ ਤੋਂ ਰਿਕਵਰੀ ਸੁਰੂ ਕਰਨ ਸਬੰਧੀ ਕਾਰਵਾਈ ਕੀਤੀ ਜਾਵੇ।

ਕੰਟੀਜੈਂਸੀ:- ਇਸ ਮੱਦ ਅਧੀਨ ਸਾਲ 2017-18 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁਲ ਖਰਚਾ 130.40 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|
| ਸਟੇਸ਼ਨਰੀ | 5.00 |
| ਬਿਜਲੀ ਬਿਲ | 10.00 |
| ਪੈਟਰੌਲ, ਡੀਜਲ /ਓ ਐਂਡ ਐਮ/ਵਹੀਕਲ | 85.00 |
| ਟੈਲੀਫੋਨ | 2.20 |
| ਹੋਰ ਫੁਟਕਲ | 28.20 |
| ਕੁਲ ਜੋੜ | **130.40** |

ਨਿਆਸ:- ਇਸ ਮੱਦ ਅਧੀਨ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁਲ ਖਰਚਾ 1219.00 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਹੈਡ ਦਾ ਨਾਮ (ਕਮਿਟਡ) | ਵਿਭਾਗ ਦੀ ਪ੍ਰਵਾਨਗੀ |
|---|---|
| ਟਿਊਬਵੈਲ ਦੇ ਬਿਲ | 440.00 |
| ਕਰਜਿਆਂ ਦੀ ਅਦਾਇਗੀ | 11.00 |
| ਸਟਰੀਟ ਲਾਈਟ ਦੇ ਬਿਲ | 220.00 |
| ਐਮ.ਸੀ.ਬਿਲਡਿੰਗ ਦੀ ਉਸਾਰੀ | 33.00 |
| ਬਿਜਲੀ ਦਾ ਰੱਖ ਰਖਾਵ | 22.00 |
| ਵ/ਸ ਦਾ ਰੱਖ ਰਖਾਵ | 44.00 |
| ਇਲੈਕਸਨ ਚਾਰਜਿਜ | 4.00 |
| ਅਦਰਜ | 83.00 |
| ਜੋੜ | **857.00** |
| ਨਾਨ ਕਮਿਟਡ | |
| ਸੜਕਾਂ/ਨਾਲੀਆਂ/ਗਲੀਆਂ ਦੀ ਰਿਪੇਅਰ | 100.00 |
| ਨਵੀਂ ਵ/ਸ ਲਾਈਨਾਂ | 20.00 |
| ਸਲਮੱਜ ਲਈ | 10.00 |
| ਨਵੀਂ ਸਟਰੀਟ ਲਾਈਟ | 10.00 |
| ਅਦਰਜ | 150.00 |
| ਸਫਾਈ ਦੇ ਕੰਮ ਠੇਕਾ | 72.00 |
| ਕੁੱਲ | **362.00** |

ਨੋਟ :- ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਵੱਲੋਂ ਤਿਆਰ ਕੀਤੀ ਗਈ ਇੱਕ ਸੂਚਨਾਂ ਅਨੁਸਾਰ ਨਿਗਮ ਦੀ ਮਿਤੀ 28.02.17 ਤੱਕ ਦੀ 2633.93 ਲੱਖ ਰੁਪਏ ਦੀ ਲਾਇਬਿਲਟੀ ਬਕਾਇਆ ਹੈ ਅਤੇ ਕਰਮਚਾਰੀਆਂ ਦੇ ਪੀ.ਐਫ, ਐਲ.ਆਈ.ਸੀ ਅਤੇ ਬੈਂਕ ਲੋਨ ਦੇ ਖਾਤਿਆਂ ਵਿੱਚ ਵੀ ਕਰੋੜਾਂ ਰੁਪਏ ਦੀ ਰਕਮ ਅਜੇ ਵੀ ਜਮਾਂ ਕਰਵਾਉਣੀ ਬਾਕੀ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਰਕਾਰ ਵੱਲੋਂ ਸਮੇਂ-ਸਮੇਂ ਤੇ ਪ੍ਰਾਪਤ ਹੋਣ ਵਾਲੀਆਂ ਗਰਾਂਟਾਂ ਅਤੇ ਨਗਰ ਨਿਗਮ ਦੇ ਪੈਂਡਿੰਗ ਏਰੀਅਰ ਦੀ ਰਿਕਵਰੀ ਤੋਂ ਹੀ ਵਿਕਾਸ ਦੇ ਕੰਮਾਂ ਦਾ ਖਰਚਾ ਕੀਤਾ ਜਾਵੇ ਅਤੇ ਠੇਕੇਦਾਰਾਂ ਦੀਆਂ ਨਵੀਂਆਂ ਲਾਇਬਿਲਟੀਜ ਨਾ ਖੜੀਆਂ ਕੀਤੀਆਂ ਜਾਣ।

ਮਿਤੀ 31/3/2018 ਲਈ ਅੰਤਮ ਬਕਾਇਆ ਰੁਪਏ 117.17 ਲੱਖ ਰੁਪਏ ਨਿਸ਼ਚਿਤ ਕੀਤਾ ਗਿਆ ਹੈ।

ਨੋਟ :- ਕਮਿਸਨਰ, ਨਗਰ ਨਿਗਮ, ਪਠਾਨਕੋਟ ਨੂੰ ਵਿਸੇਸ ਤੌਰ ਤੇ ਲਿਖਿਆ ਜਾਂਦਾ ਹੈ ਕਿ ਨਗਰ ਨਿਗਮ ਵੱਲੋਂ ਕੀਤੀ ਜਾਣ ਵਾਲੀ ਹਰ ਤਰਾਂ ਦੀ ਅਦਾਇਗੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ **Aadhar Linked-Digital** ਖਾਤਿਆਂ ਵਿੱਚ ਹੀ ਕੀਤੀ ਜਾਣੀ ਯਕੀਨੀ ਬਣਾਈ ਜਾਵੇ।

ਉਕਤ ਅੰਕੜਿਆਂ ਦੇ ਸਨਮੁੱਖ ਆਪ ਨੂੰ ਲਿਖਿਆ ਜਾਂਦਾ ਹੈ ਕਿ ਨਗਰ ਨਿਗਮ ਦੀ ਆਮਦਨ ਵਧਾਉਣ ਅਤੇ ਲੰਬਿਤ ਦੇਣਦਾਰੀਆਂ ਖਤਮ ਕਰਨ ਲਈ ਆਪ ਵੱਲੋਂ ਨਿੱਜੀ ਪੱਧਰ ਤੇ ਧਿਆਨ ਦਿੱਤਾ ਜਾਵੇ।

ਸ਼ਰਤਾਂ:-

1. ਸਾਲ 2017-18 ਲਈ ਮਿਥਿਆ ਗਿਆ ਆਮਦਨ ਦਾ ਟੀਚਾ ਪੂਰਾ ਕਰਨ ਲਈ ਨਗਰ ਨਿਗਮ ਦੇ ਕਮਿਸ਼ਨਰ, ਮੇਅਰ ਅਤੇ ਕਾਰਜ ਸਾਧਕ ਅਫ਼ਸਰ ਦੀ ਸਾਂਝੀ ਜ਼ੁੰਮੇਵਾਰੀ ਹੋਵੇਗੀ ।
2. ਨਗਰ ਨਿਗਮ ਅੰਦਰ ਪੈਂਦੀਆਂ ਸਾਰੀਆਂ ਇਮਾਰਤਾਂ ਦਾ ਹਾਊਸ ਟੈਕਸ ਅਤੇ ਹੋਰ ਤਰ੍ਹਾਂ ਦੀ ਉਗਰਾਹੀ ਲਈ ਸਰਵੇ ਤਿੰਨ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਰਵਾਇਆ ਜਾਵੇ ਅਤੇ ਏਰੀਅਰ ਦੀ 100% ਰਿਕਵਰੀ ਯਕੀਨੀ ਬਣਾਈ ਜਾਵੇ ।
3. ਅਮਲੇ ਦੇ ਖਰਚੇ ਅਤੇ ਦਫਤਰੀ ਖਰਚੇ ਨੂੰ ਹੋਰ ਘੱਟ ਕਰਨ ਸਬੰਧੀ ਉਪਰਾਲੇ ਕੀਤੇ ਜਾਣ ।
4. ਕਿਸੇ ਵੀ ਖਰਚੇ ਦੀ ਮੱਦ ਅਧੀਨ ਪ੍ਰਵਾਨ ਕੀਤੇ ਖਰਚੇ ਤੋਂ ਵੱਧ ਖਰਚਾ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਲਏ ਬਗੈਰ ਨਾ ਕੀਤਾ ਜਾਵੇ ਅਤੇ ਨਾ ਹੀ ਅਗਾਊਂ ਪ੍ਰਵਾਨਗੀ ਆਉਣ ਦੀ ਆਸ ਵਿੱਚ ਕੀਤਾ ਜਾਵੇ ।
5. ਕੋਈ ਨਵੀਂ ਅਸਾਮੀ/ਖਾਲੀ ਅਸਾਮੀ ਸਥਾਨਕ ਸਰਕਾਰ ਵਿਭਾਗ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਨਾ ਭਰੀ ਜਾਵੇ ।
6. ਇਸ ਵਿਭਾਗ ਦੀ ਪ੍ਰਵਾਨਗੀ ਤੋਂ ਬਗੈਰ ਕਿਸੇ ਅਸਾਮੀ ਦੀ ਤਬਦੀਲੀ ਨਾ ਕੀਤੀ ਜਾਵੇ ਅਤੇ ਕਰਮਚਾਰੀ ਦਾ ਕਾਡਰ ਵੀ ਤਬਦੀਲ ਨਾ ਕੀਤਾ ਜਾਵੇ ।
7. ਕੋਈ ਵੀ ਵਹੀਕਲ ਇਸ ਦਫਤਰ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਖਰੀਦ ਨਾ ਕੀਤਾ ਜਾਵੇ ।
8. ਡੇਲੀਵੇਜਿਜ ਜਾਂ ਕੰਟਰੈਕਟ ਦੇ ਅਧਾਰ ਤੇ ਇਸ ਦਫਤਰ ਦੀ ਵਿਸੇਸ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਨਿਯੁਕਤੀ ਨਾ ਕੀਤੀ ਜਾਵੇ ।

ਕੰਟਰੈਕਟ/ਠੇਕੇ ਤੇ ਭਰਤੀ ਕਰਨ ਦੀ ਬਜਾਏ ਜਿੱਥੋਂ ਤੱਕ ਸੰਭਵ ਹੋਵੇ ਕਿਸੇ ਬਾਹਰੀ ਸੰਸਥਾ ਤੋਂ ਲੋੜੀਂਦੇ ਸਟਾਫ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਣ ਤਾਂ ਜੋ ਸਥਾਨਕ ਸੰਸਥਾ ਨੂੰ ਭਵਿੱਖ ਵਿੱਚ ਕਿਸੇ ਕਿਸਮ ਦੀ ਕਾਨੂੰਨੀ ਅੜਚਨ ਨਾ ਆਵੇ ।

10. ਚੰਡੀਗੜ੍ਹ ਵਿਖੇ ਉਸਾਰੇ ਜਾਣ ਵਾਲੇ ਮਿਊਂਸਪਲ ਭਵਨ ਲਈ ਨਗਰ ਨਿਗਮ ਦੀ ਕੁਲ ਆਮਦਨ ਦਾ 1% ਦੀ ਰਾਸੀ ਦਾ ਉਪਬੰਧ ਕੀਤਾ ਜਾਂਦਾ ਹੈ ।

11. ਵਿਕਾਸ : ਵਰਕਸ ਦਾ ਖਰਚਾ ਸਪਲਿਟ ਕਰਨ ਤੇ ਪਾਬੰਦੀ ਹੈ। ਹਰ ਹਾਲਤ ਵਿੱਚ ਜੋ ਪੈਸੇ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ, ਉਸ ਨਾਲ ਕੰਮ ਵੀ ਸਮੇਂ ਸੀਮਾਂ ਅਤੇ ਮਿਥੇ ਤਖਮੀਨੇ ਵਿੱਚ ਮੁਕੰਮਲ ਕੀਤਾ ਜਾਵੇ । ਗਰਾਂਟ ਦਾ ਖਰਚਾ ਸਕੀਮ ਵਿੱਚ ਦਰਜ ਹਦਾਇਤਾਂ ਅਨੁਸਾਰ ਕੀਤਾ ਜਾਵੇਂ ਅਤੇ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਵਿਖੇ ਸਬੰਧਤ ਸਾਖਾ ਨੂੰ ਸਮੇਂ-ਸਿਰ ਪੁੱਜਦਾ ਕੀਤਾ ਜਾਵੇ । ਨਿਗਮ ਵੱਲੋਂ ਹਰ ਸਾਲ ਅਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰਕੇ ਸਮੇਂ ਸਿਰ ਸਰਕਾਰ ਨੂੰ ਭੇਜੀ ਜਾਵੇ । ਵਰਕਚਾਰਜ ਅਮਲੇ ਤੇ ਹੋਣ ਵਾਲਾ ਖਰਚਾ ਵਿਕਾਸ ਦੀ ਮੱਦ ਹੇਠ ਨਾ ਕੀਤਾ ਜਾਵੇ ਉਸ ਨੂੰ ਅਮਲੇ ਦੀ ਮੱਦ ਵਿੱਚ ਕੀਤਾ ਜਾਵੇ ।

12. ਫਾਇਰ ਬ੍ਰਿਗੇਡ ਲਈ ਲੋੜੀਂਦੇ ਡਰਾਈਵਰ ਪਾਸਕੋ ਤੋਂ ਜਾਂ ਕਿਸੇ ਬਾਹਰੀ ਸੰਸਥਾ ਤੋਂ ਲਏ ਜਾਣ ।

13. ਸਾਲ 2017-18 ਦੌਰਾਨ ਵਿਕਾਸ ਦੇ ਕੰਮਾਂ ਦੀ ਜੋ ਸੂਚੀ ਬਜਟ ਅਨੁਮਾਨ ਨਾਲ ਭੇਜੀ ਹੈ ਉਸ ਦੇ ਅਨੁਸਾਰ ਹੀ ਵਿਕਾਸ ਦੇ ਕੰਮ ਕਰਵਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ ।

14. ਕਰਮਚਾਰੀਆਂ ਨੂੰ ਮਿਲਣ ਵਾਲੇ ਰਿਟਾਇਰਲ ਡਿਊਜ, ਜੀ.ਪੀ.ਫੰਡ ਦੀ ਅਦਾਇਗੀ, ਪੈਨਸਨ ਫੰਡ ਦੀ ਅਦਾਇਗੀ, ਹੁਡਕੋ ਅਤੇ ਐਲ.ਆਈ.ਸੀ.ਦੇ ਕਰਜਿਆਂ ਦੀ ਅਦਾਇਗੀ ਨੂੰ ਫਸਟ ਚਾਰਜ ਰੱਖਦੇ ਹੋਏ ਪਹਿਲ ਦੇ ਅਧਾਰ ਤੇ ਅਦਾਇਗੀ ਕੀਤੀ ਜਾਵੇ ।

15. ਕਰਮਚਾਰੀਆਂ ਨੂੰ ਕਰਜੇ ਦੇਣ ਦੇ ਸਬੰਧ ਵਿੱਚ ਰਾਜ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਜਾਰੀ ਕੀਤੇ ਦਿਸਾ-ਨਿਰਦੇਸਾਂ ਦੀ ਪਾਲਣਾ ਕੀਤੀ ਜਾਵੇ ।

16. ਸਹਿਰੀ ਗਰੀਬਾਂ ਨੂੰ ਮੁਢਲੀ ਸਹੂਲਤਾਂ ਦੇਣ ਸਬੰਧੀ ਉਪਰਾਲੇ ਕੀਤੇ ਜਾਣ ।

17. ਸਾਲ 2017-18 ਦੇ ਪ੍ਰਵਾਨ ਕੀਤੇ ਬਜਟ/ਆਮਦਨ ਦਾ 1% ਨਗਰ ਨਿਗਮ ਦੇ ਵਿਕਾਸ ਦੇ ਫੰਡ ਵਿੱਚੋਂ ਸਹਿਰ ਦੀ ਹਰਿਆਵਲੀ/ਗਰੀਨਰੀ ਲਈ ਵਰਤਿਆ ਜਾਵੇ ।

18. ਸਥਾਨਕ ਸੰਸਥਾ ਦੇ ਦਫਤਰ ਵਿੱਚ ਕੰਪਿਊਟਰਾਈਜੇਸਨ ਕਰਨ ਲਈ ਬਜਟ ਦੇ ਫੰਡਾਂ ਵਿੱਚੋਂ ਆਪ ਦੇ ਅਧਿਕਾਰੀਆਂ / ਕਰਮਚਾਰੀਆਂ ਨੂੰ ਕੰਪਿਊਟਰ ਟਰੇਨਿੰਗ ਆਪਣੇ ਪੱਧਰ ਤੇ ਕਰਵਾਈ ਜਾਵੇ ਅਤੇ ਸਾਰੀਆਂ ਬਰਾਂਚਾਂ ਦੀ ਨੈਟ-ਵਰਕਿੰਗ ਕਰਕੇ ਕੰਪਿਊਟਰਾਈਜੇਸਨ ਹਰ ਹਾਲਤ ਵਿੱਚ ਕੀਤੀ ਜਾਵੇ ।

19. ਕਿਸੇ ਵੀ ਸਥਾਨਕ ਸੰਸਥਾ ਦੇ ਸਬੰਧ ਵਿੱਚ ਆਡਿਟ ਵੱਲੋਂ ਜੋ ਇਤਰਾਜ ਲਗਾਏ ਜਾਂਦੇ ਹਨ ਉਨ੍ਹਾਂ ਦਾ ਉੱਤਰ ਆਡਿਟ ਨੋਟ ਵਿੱਚ ਦਰਸਾਏ ਅਨੁਸਾਰ ਸਮੇਂ ਸਿਰ ਸਾਰੇ ਪੈਰ੍ਹੇ ਨਾਲ-ਨਾਲ ਸੈਟਲ ਕਰਵਾਏ ਜਾਣ ।

ਭਾਗ ਅਫਸਰ

ਸਥਾਨਕ ਸਰਕਾਰ ਵਿਭਾਗ ਪੰਜਾਬ